# ਦਾਜੂ ਭਾਗ




ਪੌਲੁਸ ਦੀ ਪਹਿਲੀ ਅਤੇ ਦੂਜੀ ਮਿਸ਼ਨਰੀ ਯਾਤਰਾ




ਪੌਲੁਸ ਦੀ ਤੀਜੀ ਮਿਸ਼ਨਰੀ ਯਾਤਰਾ

## ਪੌਲੁਸ ਦੀ ਤੀਜੀ ਮਿਸ਼ਨਰੀ ਯਾਤਰਾ
## (ਰਸੂਲਾਂ ਦੇ ਕੰਮ 18:23-21:17)

ਚੇਲਿਆਂ ਨੂੰ ਮਜ਼ਬੂਤ ਕਰਦਾ ਹੋਇਆ ਪੌਲੁਸ ਗਲਾਤੀਆ ਅਤੇ ਫ਼ਰੁਗੀਆ ਤੋਂ ਹੁੰਦਾ ਹੋਇਆ, ਉੱਪਰਲੇ ਦੇਸ਼ ਤੋਂ ਹੋ ਕੇ ❶ ਅਫ਼ਸੁਸ ਵਿਚ ਗਿਆ (18:23-28), ਜਿੱਥੇ ਉਹ ਤਿੰਨ ਕੁ ਸਾਲ ਤਕ ਪ੍ਰਚਾਰ ਅਤੇ ਮੋਅਜਜ਼ੇ ਕਰਦਾ ਰਿਹਾ (19:1-41)। ਉਹਦੇ ਬਾਅਦ ਉਹ ਮਕਦੂਨੀਆ ਅਤੇ ਯੂਨਾਨ ਦੀਆਂ ਕਲੀਸੀਆਵਾਂ ❷ ਨੂੰ ਫੇਰ ਮਿਲਣ ਗਿਆ (20:1-5)। ਤਿੰਨ ਮਹੀਨੇ ਬਾਅਦ ਉਹ ਤ੍ਰੋਆਸ 'ਚੋਂ ਦੀ ❸ ਮਕਦੂਨੀਆ ਤੋਂ ਜਾਂਦਿਆਂ, ਫੇਰ ਉੱਥੇ ਹਫ਼ਤਾ ਕੁ ਠਹਿਰਿਆ। ਉਹ ਸਮੁੰਦਰੀ ਜਹਾਜ਼ ਤੇ ਅਫ਼ਸੁਸ ਦੇ ਕੋਲੋਂ ਦੀ ਹੋ ਕੇ ਗਿਆ, ਪਰ ਹੰਝੂਆਂ ਭਰੀ ਵਿਦਾਈ ਲਈ ਉਹਨੇ ਅਫ਼ਸੁਸ ਦੇ ਐਲਡਰਾਂ ਨੂੰ ❹ ਮਿਲੇਤੁਸ ਵਿਚ ਬੁਲਾ ਲਿਆ (20:13-33)। ਇਹਦੇ ਬਾਅਦ ਉਹਦੇ ਸਾਥੀ ਸਿੱਧੇ ਕੋਸ, ਰੋਦੁਸ ਅਤੇ ਪਾਤਰਾ ਨੂੰ ਚਲੇ ਗਏ ❺ (21:1-17)। ਉਹ ਫ਼ੈਨੀਕੈ ਨੂੰ ਜਾਣ ਵਾਲੇ ਜਹਾਜ਼ ਤੇ ਬੈਠ ਗਏ ❻ ਅਤੇ ਸੂਰ ਵਿਚ ਚਲੇ ਗਏ, ਜਿੱਥੇ ਭਾਈਆਂ ਨੇ ਪੌਲੁਸ ਨੂੰ ਯਰੂਸ਼ਲਮ ਵਿਚ ਨਾ ਜਾਣ ਦੀ ਬੇਨਤੀ ਕੀਤੀ ਸੀ। ਕੁਝ ਦਿਨਾਂ ਬਾਅਦ ❼ ਕੈਸਰੀਆ ਵਿਚ ਆਗਬੁਸ ਰਾਹੀਂ ਪੌਲੁਸ ਨੂੰ ਚਿਤਾਵਨੀ ਦਿੱਤੀ ਗਈ ਕਿ ਉਹਨੂੰ ਗੈਰ ਕੌਮਾਂ ਦੇ ਹੱਥੀ ਦਿੱਤਾ ਜਾਵੇਗਾ। ਇਹਦੇ ਬਾਵਜੂਦ ਪੌਲੁਸ ਯਰੂਸ਼ਲਮ ਵਿਚ ❽ ਚਲਾ ਗਿਆ, ਜਿੱਥੇ ਉਹਦਾ ਸਵਾਗਤ ਹੋਇਆ, ਪਰ ਬਾਅਦ ਵਿਚ ਗ੍ਰਿਫ਼ਤਾਰ ਹੋ ਗਿਆ।

## ਅਫ਼ਸੁਸ ਵਿਚ ਤਿੰਨ ਸਾਲ

ਪੌਲੁਸ ਨੇ ਕਿਹਾ ਕਿ ਉਹ ਤਿੰਨ ਵਰ੍ਹਿਆਂ ਤੀਕ ''ਰਾਤ ਦਿਨ ਰੋ ਰੋ ਕੇ'' ਅਫ਼ਸੁਸ ਦੇ ਲੋਕਾਂ ਨੂੰ ਚਿਤਾਉਣੋ ਬੰਦ ਨਹੀਂ ਹੋਇਆ (ਰਸੂਲਾਂ ਦੇ ਕੰਮ 20:31)। ਅਸੀਂ ਪੂਰੇ ਤਿੰਨ ਸਾਲ ਦੇ ਇਕ-ਇਕ ਪਲ ਦਾ ਹਿਸਾਬ ਤਾਂ ਨਹੀਂ ਦੱਸ ਸਕਦੇ ਪਰ ਪੌਲੁਸ ਨੇ ਅਫ਼ਸੁਸ ਵਿਚ ਸਿਖਾਉਣ ਦੇ ਮੌਕੇ ਨੂੰ ''ਇਕ ਵੱਡਾ ਅਤੇ ਕੰਮ ਕੱਢਣ ਦਾ ਦਰਵਾਜ਼ਾ'' ਵੇਖਿਆ (1 ਕੁਰਿੰਥੀਆਂ 16:9) ਅਤੇ ਆਪਣੀਆਂ ਹੋਰ ਮਿਸ਼ਨਰੀ ਯਾਤਰਾਵਾਂ ਦੌਰਾਨ ਕਿਸੇ ਵੀ ਸ਼ਹਿਰ ਨਾਲੋਂ ਵੱਧ ਸਮਾਂ ਗੁਜ਼ਾਰਿਆ। ਅਫ਼ਸੁਸ ਵਿਚ ਅਪਣੇ ਸਮੇਂ ਕਰਕੇ ਪੌਲੁਸ ਨੇ ਕਿਹਾ ਕਿ ''ਅਸੀਆ ਦੇ ਵਾਸੀ ਕੀ ਯਹੂਦੀ ਕੀ ਯੂਨਾਨੀ ਸਭਨਾਂ ਨੇ ਪ੍ਰਮੇਸ਼ਵਰ ਦਾ ਵਚਨ ਸੁਣਿਆ''(ਰਸੂਲਾਂ ਦੇ ਕੰਮ 19:10)।

ਪਹਿਲੇ ਤਿੰਨ ਮਹੀਨੇ ਪੌਲੁਸ ਸਿਨਾਗੋਗ ਦੇ ਲੋਕਾਂ ਨੂੰ ਸਮਝਾਉਂਦਾ ਰਿਹਾ (ਰਸੂਲਾਂ ਦੇ ਕੰਮ 19:8)। ਹਮੇਸ਼ਾ ਵਾਂਗ,''ਉਸ ਪਥ ਨੂੰ ਬੁਰਾ ਕਹਿਣ'' (ਰਸੂਲਾਂ ਦੇ ਕੰਮ 19:9) ਵਾਲਿਆਂ ਨੇ ਪੌਲੁਸ ਨੂੰ ਯਹੂਦੀ ਸਭਾ ਵਿੱਚੋਂ ਨਿੱਕਲਣ ਲਈ ਮਜਬੂਰ ਕੀਤਾ, ਪਰ ਉਹ ਤੁਰੰਨੁਸ ਦੀ ਪਾਠਸ਼ਾਲਾ ਵਿਚ ਅਗਲੇ ਦੋ ਸਾਲਾਂ ਤਕ ਸਿਖਾਉਂਦਾ ਰਿਹਾ (ਰਸੂਲਾਂ ਦੇ ਕੰਮ 19:10)। ਰਸੂਲਾਂ ਦੇ ਕੰਮ 19:22 ਵਿਚ ''ਕੁਝ ਦੇਰ'' ਜੋੜ ਕੇ ਲੂਕਾ ਵੱਲੋਂ ਦੱਸਿਆ ਸਮਾਂ ਪੌਲੁਸ ਵਲੋਂ ਦੱਸੇ ਸਮੇਂ ਨਾਲ ਮਿਲਦਾ ਜੁਲਦਾ ਹੈ। ਆਮ ਤੌਰ ਤੇ ਯਹੂਦੀ ਲੋਕ ਸਮੇਂ ਨੂੰ ''ਪੂਰਾ'' ਗਿਣਦੇ ਸਨ, ਯਾਨੀ ਸਾਲ ਦੇ ਇਕ ਹਿੱਸੇ ਨੂੰ ਉਹ ਪੂਰਾ ਸਾਲ ਗਿਣਦੇ ਸਨ।

© 2009 Truth for Today